15ਵੀਂ ਵਿਧਾਨ ਸਭਾ
14ਵਾਂ ਸਮਾਗਮ (ਬਜਟ)

# ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ: 1

**ਸੋਮਵਾਰ, 1 ਮਾਰਚ, 2021**

**(2.00 ਵਜੇ ਬਾਅਦ ਦੁਪਹਿਰ ਤੋਂ 02.15 ਵਜੇ ਬਾਅਦ ਦੁਪਹਿਰ ਤੱਕ)**

**ਅਕਾਲ ਚਲਾਣਿਆਂ ਦਾ ਵਰਣਨ:**

ਮਾਨਯੋਗ ਸਪੀਕਰ ਨੇ ਨਿਮਨਲਿਖਤ ਦੇ ਅਕਾਲ ਚਲਾਣਿਆਂ ਦਾ ਵਰਣਨ ਕੀਤਾ :-

1. ਸਰਦਾਰ ਬੂਟਾ ਸਿੰਘ, ਸਾਬਕਾ ਕੇਂਦਰੀ ਗ੍ਰਿਹ ਮੰਤਰੀ;
2. ਸਰਦਾਰ ਮਹਿੰਦਰ ਸਿੰਘ ਗਿੱਲ, ਸਾਬਕਾ ਮੰਤਰੀ;
3. ਸਰਦਾਰ ਮੇਜਰ ਸਿੰਘ ਉਬੋਕੇ, ਸਾਬਕਾ ਮੰਤਰੀ;
4. ਪੰਡਿਤ ਬਾਲ ਮੁਕੰਦ ਸ਼ਰਮਾ, ਸਾਬਕਾ ਮੰਤਰੀ;
5. ਸ਼੍ਰੀ ਸਤਪਾਲ ਗੋਸਾਈਂ, ਸਾਬਕਾ ਮੰਤਰੀ;
6. ਸ਼੍ਰੀਮਤੀ ਸਤਵੰਤ ਕੌਰ ਸੰਧੂ, ਸਾਬਕਾ ਮੰਤਰੀ;
7. ਸ਼੍ਰੀਮਤੀ ਚੰਦਰਾਵਤੀ, ਸਾਬਕਾ ਉਪ-ਮੰਤਰੀ, ਜੁਆਇੰਟ ਪੰਜਾਬ;
8. ਸ਼੍ਰੀ ਬ੍ਰਿਜ ਲਾਲ ਗੋਇਲ, ਸਾਬਕਾ ਐਮ.ਐਲ.ਏ;
9. ਸ਼ਹੀਦ ਪਰਵਿੰਦਰ ਸਿੰਘ, ਨਾਇਬ ਸੂਬੇਦਾਰ;
10. ਸ਼੍ਰੀ ਅਜੀਤ ਸਿੰਘ, ਸੁਤੰਤਰਤਾ ਸੰਗਰਾਮੀ;
11. ਜੱਥੇਦਾਰ ਸਰਦਾਰ ਗੋਹਲ ਸਿੰਘ ਤੁੜ, ਸੁਤੰਤਰਤਾ ਸੰਗਰਾਮੀ;
12. ਸ਼੍ਰੀ ਬਲਵੰਤ ਸਿੰਘ, ਸੁਤੰਤਰਤਾ ਸੰਗਰਾਮੀ;
13. ਸ਼੍ਰੀ ਹਰਬੰਸ ਸਿੰਘ, ਸੁਤੰਤਰਤਾ ਸੰਗਰਾਮੀ;
14. ਸ਼੍ਰੀ ਸਰਦੂਲ ਸਿਕੰਦਰ, ਪੰਜਾਬੀ ਗਾਇਕ;
15. ਸ਼੍ਰੀ ਸਤਬੀਰ ਸਿੰਘ ਦਰਦੀ, ਪੱਤਰਕਾਰ;
16. ਕੇਂਦਰੀ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਅੰਦੋਲਨ ਦੇ ਦੌਰਾਨ ਮਾਰੇ ਗਏ ਕਿਸਾਨ; ਅਤੇ
17. ਕੋਵਿਡ-19 ਮਹਾਂਮਾਰੀ ਕਾਰਨ ਮਾਰੇ ਗਏ ਲੋਕ।

ਮਾਨਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕਰਨ ਤੋਂ ਇਲਾਵਾ ਉਘੇ ਭਜਨ ਗਾਇਕ ਸ਼੍ਰੀ ਨਰਿੰਦਰ ਚੰਚਲ ਨੂੰ ਵੀ ਸ਼ਰਧਾਜਲੀ ਭੇਂਟ ਕੀਤੀ ਗਈ। ਇਸ ਤੋਂ ਇਲਾਵਾ ਸ਼੍ਰੀ ਨਾਜਰ ਸਿੰਘ ਮਾਨਸ਼ਾਹੀਆ ਦੁਆਰਾ ਸ਼੍ਰੀ ਮੋਹਨ ਮਿੱਡਾ, ਰੰਗਮੰਚ ਕਲਾਕਾਰ ਤੇ ਅਦਾਕਾਰ ਅਤੇ ਸ਼੍ਰੀ ਦਰਸ਼ਨ ਪਰਵੇਸ਼, ਪੱਤਰਕਾਰ ਅਤੇ ਲੇਖਕ ਦਾ ਨਾਂ ਵੀ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਲ ਕਰਨ ਲਈ ਕਹੇ ਜਾਣ ਤੇ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਦੇ ਨਾਵਾਂ ਨੂੰ ਵੀ ਸਦਨ ਦੀ ਸਹਿਮਤੀ ਨਾਲ ਸ਼ਰਧਾਂਜਲੀਆਂ ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ।

ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸੀਅਤਾਂ ਦੇ ਦੁਖੀ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਮੌਨ ਧਾਰਨ ਕੀਤਾ।

ਇਸ ਉਪਰੰਤ ਸਦਨ ਬਿਨਾਂ ਕੋਈ ਹੋਰ ਕੰਮ-ਕਾਰ ਕੀਤਿਆਂ ਮੰਗਲਵਾਰ ਮਿਤੀ 2 ਮਾਰਚ, 2021 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ:**
1 ਮਾਰਚ, 2021

1/3/21
Principal Chief Reporter
Punjab Vidhan Sabha
Chandigrah

**ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ ।**